ਨੰਬਰ. 1(12)/ਸੀਐਲਸੀਐਸਐਸ/ਫੁਟਕਲ/ਜਾਅਲੀ ਕਰਜ਼ੇ/2020-21

ਭਾਰਤ ਸਰਕਾਰ

ਸੂਖਮ, ਲਘੂ ਅਤੇ ਦਰਮਿਆਨੇ ਉੱਦਮ ਮੰਤਰਾਲਾ

ਵਿਕਾਸ ਕਮਿਸ਼ਨਰ (ਐਮਐਸਐਮਈ) ਦਾ ਦਫਤਰ

****

ਸੱਤਵੀਂ ਮੰਜ਼ਲ, ਏ ਵਿੰਗ

ਨਿਰਮਾਣ ਭਵਨ, ਨਵੀਂ ਦਿੱਲੀ

ਮਿਤੀ: 18 ਸਤੰਬਰ 2020

ਧੋਖਾਧੜੀ ਦੀ ਚੇਤਾਵਨੀ

ਸੂਖਮ, ਲਘੂ ਅਤੇ ਦਰਮਿਆਨੇ ਉੱਦਮ ਮੰਤਰਾਲੇ ਦੀ ਜਾਣਕਾਰੀ ਵਿੱਚ ਇਹ ਆਇਆ ਹੈ ਕਿ ਕੁਝ ਅਪਰਾਧੀ ਤੱਤਾਂ ਵਾਲੇ ਲੋਕ ਮੰਤਰਾਲੇ ਦੀਆਂ ਵੱਖ-ਵੱਖ ਸਕੀਮਾਂ ਤਹਿਤ ਸਿੱਧੇ ਐਮ.ਐਸ.ਐਮ.ਈ. ਮੰਤਰਾਲੇ ਤੋਂ ਕਰਜ਼ੇ ਦਿਵਾਣ ਦੇ ਬਹਾਨੇ ਲੋਕਾਂ ਨਾਲ ਸੰਪਰਕ ਕਰ ਰਹੇ ਹਨ ਅਤੇ ਉਨ੍ਹਾਂ ਤੋਂ ਪੈਸੇ ਵਸੂਲ ਰਹੇ ਹਨ |

ਇਥੇ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਐਮ.ਐਸ.ਐਮ.ਈ. ਮੰਤਰਾਲਾ, ਭਾਰਤ ਸਰਕਾਰ ਆਪਣੀਆਂ ਕਿਸੇ ਵੀ ਤਰਾਂ ਦੀ ਕਰੈਡਿਟ ਸਕੀਮਾਂ ਲਈ ਲੋਕਾਂ ਨਾਲ ਸਿੱਧੇ ਤੌਰ ਤੇ ਸੰਪਰਕ ਨਹੀਂ ਕਰਦਾ ਹੈ | ਮੰਤਰਾਲੇ ਦੀਆਂ ਸਾਰੀਆਂ ਕਰੈਡਿਟ ਸਕੀਮਾਂ ਸਿਰਫ ਬੈਂਕਾਂ/ਵਿੱਤੀ ਸੰਸਥਾਵਾਂ ਦੁਆਰਾ ਲਾਗੂ ਕੀਤੀਆਂ ਜਾਂਦੀ ਹਨ | ਐਮਐਸਐਮਈ ਕਰਜ਼ੇ/ਕ੍ਰੈਡਿਟ ਸਹੂਲਤਾਂ ਲਈ ਬਿਨੈਕਾਰ ਵਿਅਕਤੀ ਨੂੰ ਆਪਣੇ ਨੇੜਲੇ ਅਧਿਸੂਚਿਤ ਵਪਾਰਕ ਬੈਂਕਾਂ ਨਾਲ ਸੰਪਰਕ ਕਰਨਾ ਚਾਹੀਦਾ ਹੈ | ਐਮਐਸਐਮਈ ਮੰਤਰਾਲੇ ਦੀਆਂ ਸਾਰੀਆਂ ਕ੍ਰੈਡਿਟ ਸਕੀਮਾਂ ਦੇ ਵੇਰਵੇ ਸਾਡੀ ਵੈਬਸਾਈਟਾਂ ਜਿਵੇਂ ਕਿ https://msme.gov.in, http://dcmsme.gov.in ਅਤੇ https://champions.gov.in ਤੇ ਉਪਲਬਧ ਹਨ |

ਐਮ.ਐਸ.ਐਮ.ਈ. ਮੰਤਰਾਲਾ ਉੱਦਮੀਆਂ ਅਤੇ ਆਮ ਲੋਕਾਂ ਨੂੰ ਸਾਵਧਾਨ ਕਰਦਾ ਹੈ ਕਿ ਉਹ ਅਜਿਹੇ ਧੋਖੇਬਾਜ਼ਾਂ ਦੁਆਰਾ ਸਿੱਧੇ ਜਾਂ ਵੈਬਸਾਈਟ/ਫੋਨ ਕਾਲਾਂ ਆਦਿ ਦੁਆਰਾ ਕੀਤੀਆਂ ਜਾਣ ਵਾਲਿਆਂ ਪੇਸ਼ਕਸ਼ਾਂ ਦਾ ਸ਼ਿਕਾਰ ਨਾ ਬਣਨ | ਐਮ.ਐਸ.ਐਮ.ਈ. ਮੰਤਰਾਲਾ ਉੱਦਮੀਆਂ ਅਤੇ ਜਨਤਕ ਨੂੰ ਇਹ ਵੀ ਸਲਾਹ ਦਿੰਦਾ ਹੈ ਕਿ ਅਜਿਹੇ ਧੋਖੇਬਾਜ਼ ਵਿਅਕਤੀਆਂ/ਸੰਸਥਾਵਾਂ ਦੇ ਸੰਪਰਕ ਚ ਆਉਣ ਨਾਲ ਉਨ੍ਹਾਂ ਨੂੰ ਵਿੱਤੀ ਨੁਕਸਾਨ ਪਹੁੰਚਾ ਸਕਦਾ ਹੈ ਅਤੇ ਮੰਤਰਾਲਾ ਕਿਸੇ ਵੀ ਤਰਾਂ ਇਸ ਲਈ ਜਵਾਬ-ਦੇਹ ਨਹੀਂ ਹੋਵੇਗਾ |

*****